# ਵੋਟਰ ਗਾਈਡ

## 2020 ਸੂਬਾਈ ਆਮ ਚੋਣਾਂ

## ਖੁਦ ਆ ਕੇ ਸੁਰੱਖਿਅਤ ਵੋਟਿੰਗ ਕਰੋ

ਵੋਟਿੰਗ ਵਾਲੀਆਂ ਥਾਂਵਾਂ **ਅਕਤੂਬਰ 15 ਤੋਂ ਅਕਤੂਬਰ 21** ਤਕ ਅਤੇ ਚੋਣਾਂ ਵਾਲੇ ਦਿਨ **ਅਕਤੂਬਰ 24** ਨੂੰ ਖੁਲ੍ਹੀਆਂ ਰਹਿਣਗੀਆਂ। ਸਭ ਤੋਂ ਨਜ਼ਦੀਕੀ ਥਾਂ ਦਾ ਪਤਾ ਲਾਉਣ ਲਈ **wheretovote.elections.bc.ca** 'ਤੇ ਜਾਓ।

ਜਾਂ

## ਡਾਕ ਰਾਹੀਂ ਵੋਟ ਕਰੋ

ਛੇਤੀ ਤੋਂ ਛੇਤੀ ਆਪਣੇ ਵੋਟਿੰਗ ਪੈਕਿਜ ਲਈ ਬੇਨਤੀ ਕਰੋ:
**votebymail.elections.bc.ca** 'ਤੇ ਜਾਓ ਜਾਂ **1-800-661-8683** 'ਤੇ ਕਾਲ ਕਰੋ

**ELECTIONS BC**
A non-partisan Office of the Legislature

elections.bc.ca / 1-800-661-8683

# ਵਿਸ਼ਾ ਸੂਚੀ


ਸੂਬਾਈ ਚੋਣਾਂ ਕੀਤੀਆਂ ਜਾ ਰਹੀਆਂ ਹਨ ........ 1

ਜ਼ਰੂਰੀ ਤਾਰੀਖਾਂ ਅਤੇ ਯਾਦ ਦਹਾਨੀਆਂ ........ 2

ਕੋਵਿਡ-19 ਦੇ ਦੌਰਾਨ ਸੁਰੱਖਿਅਤ ਵੋਟਿੰਗ ਕਰਨੀ ........ 3

ਖੁਦ ਜਾ ਕੇ ਵੋਟ ਕਰਨ ਲਈ ਤੁਹਾਡੇ ਵਿਕਲਪ ........ 6

ਡਾਕ ਰਾਹੀਂ ਵੋਟ ਕਰਨਾ ........ 8

ਜੋਖਮ-ਪੀੜਤ ਅਤੇ ਅਸਮਰਥਤਾ ਪੀੜਤ ਵੋਟਰਾਂ ਲਈ ਸੇਵਾਵਾਂ ........ 11

# ਸੂਬਾਈ ਚੋਣਾਂ ਕੀਤੀਆਂ ਜਾ ਰਹੀਆਂ ਹਨ

## ਸ਼ਨੀਵਾਰ, 24 ਅਕਤੂਬਰ 2020 ਨੂੰ ਸੂਬਾਈ ਚੋਣਾਂ ਕੀਤੀਆਂ ਜਾ ਰਹੀਆਂ ਹਨ।

ਬੀ.ਸੀ. ਦੇ ਯੋਗ ਵੋਟਰ ਵਿਧਾਨ ਸਭਾ ਦੇ 87 ਮੈਂਬਰਾਂ ਨੂੰ ਚੁਣਨ ਲਈ ਵੋਟ ਪਾ ਰਹੇ ਹਨ। ਹਰ ਮੈਂਬਰ ਇੱਕ ਚੋਣ ਡਿਸਟ੍ਰਿਕਟ (ਜਿਸਨੂੰ ਰਾਇਡਿੰਗ ਜਾਂ ਚੋਣ ਹਲਕਾ ਵੀ ਕਹਿੰਦੇ ਹਨ) ਦੀ ਨੁਮਾਇੰਦਗੀ ਕਰਦਾ ਹੈ ਅਤੇ ਸੂਬਾਈ ਵਿਧਾਨ ਸਭਾ ਵਿੱਚ ਉਸਦੀ ਇੱਕ ਸੀਟ ਹੁੰਦੀ ਹੈ।

ਤੁਸੀਂ ਸੂਬਾਈ ਚੋਣਾਂ ਵਿੱਚ ਵੋਟ ਦੇ ਸਕਦੇ ਹੋ ਜੇ:

- **ਅਕਤੂਬਰ 24, 2020** ਨੂੰ ਤੁਹਾਡੀ ਉਮਰ 18 ਸਾਲ ਜਾਂ ਵੱਧ ਹੈ,
- ਤੁਸੀਂ ਕੈਨੇਡਾ ਦੇ ਨਾਗਰਿਕ ਹੋ, ਅਤੇ
- ਤੁਸੀਂ **ਅਪ੍ਰੈਲ 23, 2020** ਤੋਂ ਬੀ.ਸੀ. ਵਿੱਚ ਰਹਿ ਰਹੇ ਹੋ।

ਕੋਵਿਡ-19 ਮਹਾਮਾਰੀ ਦੇ ਕਾਰਨ ਇਹਨਾਂ ਚੋਣਾਂ ਵਿੱਚ ਵੋਟਿੰਗ ਥੋੜ੍ਹੀ ਵੱਖਰੀ ਹੋਵੇਗੀ। ਇਹ ਯਕੀਨੀ ਬਣਾਉਣ ਲਈ ਕਿ ਵੋਟਿੰਗ ਦੀ ਪ੍ਰਕਿਰਿਆ ਸੁਰੱਖਿਅਤ ਅਤੇ ਪਹੁੰਚਯੋਗ ਹੋਵੇ, ਇਲੈਕਸ਼ਨਸ ਬੀ.ਸੀ. ਸੂਬੇ ਦੇ ਸਿਹਤ ਅਧਿਕਾਰੀ ਨਾਲ ਮਿਲ ਕੇ ਕੰਮ ਕਰ ਰਹੇ ਹਨ। ਅਸੀਂ ਇਹ ਪੱਕਾ ਕਰਨਾ ਚਾਹੁੰਦੇ ਹਾਂ ਕਿ ਵੋਟਰਾਂ ਨੂੰ ਆਪਣੀ ਸਿਹਤ ਦੇ ਬਚਾਅ ਅਤੇ ਵੋਟ ਪਾਉਣ ਦੇ ਹੱਕ ਵਿੱਚੋਂ ਇੱਕ ਦੀ ਚੋਣ ਨਾ ਕਰਨੀ ਪਵੇ।

ਸਾਰੇ ਵੋਟਰ ਖੁਦ ਆ ਕੇ ਜਾਂ ਡਾਕ ਰਾਹੀਂ ਵੋਟ ਕਰ ਸਕਦੇ ਹਨ। ਖੁਦ ਆ ਕੇ ਵੋਟ ਪਾਉਣ ਵਾਲੇ ਸਾਰੇ ਮੌਕਿਆਂ 'ਤੇ ਸੁਰੱਖਿਆ ਦੇ ਸਾਰੇ ਕਦਮ ਚੁੱਕੇ ਜਾਣਗੇ ਜਿਨ੍ਹਾਂ ਵਿੱਚ ਸਰੀਰਕ ਦੂਰੀ ਬਣਾ ਕੇ ਰੱਖਣਾ ਵੀ ਸ਼ਾਮਿਲ ਹੈ।

## ਜ਼ਰੂਰੀ ਤਾਰੀਖਾਂ ਅਤੇ ਯਾਦ-ਦਹਾਨੀਆਂ

ਜੇ ਤੁਸੀਂ ਡਾਕ ਰਾਹੀਂ ਵੋਟ ਕਰਨਾ ਚਾਹੁੰਦੇ ਹੋ ਤਾਂ ਛੇਤੀ ਤੋਂ ਛੇਤੀ ਇਲੈਕਸ਼ਨਸ ਬੀ.ਸੀ. ਕੋਲੋਂ ਵੋਟਿੰਗ ਪੈਕਿਜ ਲਈ ਬੇਨਤੀ ਕਰੋ।

**votebymail.elections.bc.ca** ‘ਤੇ ਜਾਓ ਜਾਂ **1-800-661-8683** ਨੂੰ ਕਾਲ ਕਰੋ।

ਇਲੈਕਸ਼ਨਸ ਬੀ.ਸੀ. ਨੂੰ ਪੂਰੇ ਕੀਤੇ ਹੋਏ ਵੋਟਿੰਗ ਪੈਕਿਜ **ਅਕਤੂਬਰ 24, 2020** ਨੂੰ ਸ਼ਾਮ 8 ਵਜੇ (ਪੈਸਿਫਿਕ ਟਾਈਮ) ਤੱਕ **ਜ਼ਰੂਰ ਮਿਲ ਜਾਣੇ ਚਾਹੀਦੇ** ਹਨ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਪੈਕਿਜ ਸਮੇਂ ਦੀ ਸੀਮਾ ਤੋਂ ਪਹਿਲਾਂ ਮਿਲ ਜਾਏ, ਉਸ ਨੂੰ ਛੇਤੀ ਤੋਂ ਛੇਤੀ ਵਾਪਸ ਭੇਜੋ।

| | |
|---|---|
| **1 ਵਜੇ ਦੁਪਹਿਰ ਪੈਸਿਫਿਕ ਟਾਈਮ ਅਕਤੂਬਰ 2** | **ਉਮੀਦਵਾਰਾਂ ਦੀ ਨਾਮਜ਼ਦਗੀ ਬੰਦ ਹੋ ਜਾਏਗੀ।**<br>*ਉਮੀਦਵਾਰਾਂ ਦੀ ਅੰਤਮ ਸੂਚੀ elections.bc.ca ‘ਤੇ ਲਗਾ ਦਿੱਤੀ ਜਾਏਗੀ।* |
| **ਅਕਤੂਬਰ 15 ਤੋਂ ਅਕਤੂਬਰ 21** | **ਅਡਵਾਂਸ ਵੋਟਿੰਗ**<br>*ਸਾਰੇ ਸੂਬੇ ਵਿੱਚ ਵੋਟਿੰਗ ਵਾਲੀਆਂ ਥਾਂਵਾਂ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ (ਲੋਕਲ ਟਾਈਮ) ਤਕ ਖੁੱਲ੍ਹੀਆਂ ਰਹਿਣਗੀਆਂ।* |
| **ਅਕਤੂਬਰ 24** | **ਚੋਣਾਂ ਦਾ ਦਿਨ**<br>*ਸਾਰੇ ਸੂਬੇ ਵਿੱਚ ਵੋਟਿੰਗ ਵਾਲੀਆਂ ਥਾਂਵਾਂ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ (ਲੋਕਲ ਟਾਈਮ) ਤਕ ਖੁੱਲ੍ਹੀਆਂ ਰਹਿਣਗੀਆਂ।* |

ਤਾਜ਼ਾ ਜਾਣਕਾਰੀ ਲਈ **elections.bc.ca** ‘ਤੇ ਜਾਓ।

# ਕੋਵਿਡ-19 ਅਤੇ ਸੁਰੱਖਿਅਤ ਵੋਟਿੰਗ



ਮਹਾਮਾਰੀ ਦੌਰਾਨ ਵੋਟਰਾਂ ਨੂੰ ਸੁਰੱਖਿਅਤ ਤਰੀਕੇ ਨਾਲ ਵੋਟ ਪਾਉਣ ਵਿੱਚ ਮਦਦ ਕਰਨ ਲਈ ਸੁਰੱਖਿਆ ਦੇ ਲੋੜੀਂਦੇ ਕਦਮ ਚੁੱਕੇ ਜਾਣਗੇ। ਸੂਬਾਈ ਸਿਹਤ ਅਧਿਕਾਰੀ  ਦੇ ਦਫਤਰ ਨਾਲ ਮਿਲ ਕੇ ਮਹਾਮਾਰੀ ਵੋਟਿੰਗ ਪ੍ਰੋਟੋਕੋਲ ਤਿਆਰ ਕੀਤੇ ਗਏ ਹਨ। ਜੇ ਤੁਸੀਂ ਖੁਦ ਜਾ ਕੇ ਵੋਟਿੰਗ ਕਰਦੇ ਹੋ ਤਾਂ ਤੁਸੀਂ ਇਹਨਾਂ ਚੀਜ਼ਾਂ ਦੀ ਆਸ ਕਰ ਸਕਦੇ ਹੋ:

- ਸਰੀਰਕ ਦੂਰੀ
- ਵੋਟਿੰਗ ਵਾਲੀ ਥਾਂ ‘ਤੇ ਸਮਰੱਥਾ ਦੀਆਂ ਸੀਮਾਵਾਂ
- ਚੋਣ ਅਧਿਕਾਰੀਆਂ ਦੁਆਰਾ ਨਿਜੀ ਸੁਰੱਖਿਆ ਸਾਧਨ (ਜਿਵੇਂ ਮਾਸਕ ਅਤੇ ਚਿਹਰੇ ਦੇ ਵਾਇਜ਼ਰ) ਪਹਿਨਣਾ
- ਸੁਰੱਖਿਆ ਬੈਰੀਅਰ
- ਹੱਥ ਸੈਨੀਟਾਈਜ਼ ਕਰਨ ਲਈ ਸਟੇਸ਼ਨ
- ਵੋਟਿੰਗ ਸਟੇਸ਼ਨਾਂ ਅਤੇ ਅਕਸਰ ਛੋਹੀਆਂ ਜਾਣ ਵਾਲੀਆਂ ਸਤਹਾਂ ਦੀ ਵਾਰ ਵਾਰ ਸਫਾਈ
- ਸੁਰੱਖਿਅਤ ਕਾਰਜ-ਸਥਾਨ ਲਈ ਸੇਧਾਂ ਅਤੇ ਮਹਾਮਾਰੀ ਲਈ ਪ੍ਰੋਟੋਕੋਲਾਂ ਵਿੱਚ ਚੋਣ ਵਰਕਰਾਂ ਦੀ ਸਿਖਲਾਈ

ਵੋਟਿੰਗ ਵਾਲੀਆਂ ਥਾਂਵਾਂ ਉਹਨਾਂ ਅਮਲਾਂ ਦੀ ਪਾਲਣਾ ਕਰਨਗੀਆਂ ਜਿਨ੍ਹਾਂ ਦਾ ਵੇਰਵਾ ਸਾਡੀ ਵੋਟਿੰਗ ਵਾਲੀ ਥਾਂ ਲਈ ਸੁਰੱਖਿਆ ਯੋਜਨਾ ਵਿੱਚ ਦਿੱਤਾ ਗਿਆ ਹੈ ਜਿਸ ਵਿੱਚ ਵਰਕ-ਸੇਫ-ਬੀ.ਸੀ. ਵੱਲੋਂ ਦਿੱਤੇ ਗਏ ਸੁਝਾਅ ਵੀ ਸ਼ਾਮਿਲ ਹਨ।

ਵੋਟਿੰਗ ਦੀਆਂ ਕੁਝ ਪ੍ਰਕਿਰਿਆਵਾਂ ਪਹਿਲਾਂ ਨਾਲੋਂ ਵੱਖਰੀਆਂ ਹੋ ਸਕਦੀਆਂ ਹਨ। ਮਿਸਾਲ ਦੇ ਤੌਰ ‘ਤੇ, ਵੋਟਿੰਗ ਬੁਕ ਵਿੱਚ ਦਸਤਖਤ ਕਰਨ ਦੀ ਥਾਂ ‘ਤੇ ਤੁਹਾਨੂੰ ਵੋਟ ਕਰਨ ਦੀ ਆਪਣੀ ਯੋਗਤਾ ਬਾਰੇ ਬਿਆਨ ਜ਼ਬਾਨੀ ਦੇਣਾ ਪਵੇਗਾ।

ਵੋਟਿੰਗ ਵਾਲੀਆਂ ਥਾਂਵਾਂ ‘ਤੇ  ਸਰੀਰਕ ਦੂਰੀ ਬਣਾ ਕੇ ਰੱਖਣ ਵਿੱਚ ਮਦਦ ਕਰਨ ਲਈ ਚੋਣ ਅਧਿਕਾਰੀਆਂ ਅਤੇ ਹਦਾਇਤਾਂ ਵਾਲੀਆਂ ਤਖਤੀਆਂ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ। ਵੋਟਿੰਗ ਤੋਂ ਪਹਿਲਾਂ ਅਤੇ ਬਾਅਦ ਤੁਹਾਨੂੰ ਆਪਣੇ ਹੱਥ ਸੈਨੀਟਾਈਜ਼ ਕਰਨ ਲਈ ਆਖਿਆ ਜਾਵੇਗਾ।

ਜੇ ਤੁਸੀਂ ਬਿਮਾਰ ਹੋ ਜਾਂ ਖੁਦ ਨੂੰ ਦੂਜਿਆਂ ਤੋਂ ਦੂਰ ਰੱਖ ਰਹੇ ਹੋ ਤਾਂ **ਵੋਟਿੰਗ ਵਾਲੀ ਥਾਂ ਤੇ ਨਾ ਜਾਓ।** ਡਾਕ-ਰਾਹੀ-ਵੋਟ ਦੇ ਪੈਕਿਜ ਲਈ ਬੇਨਤੀ ਕਰੋ ਜਾਂ ਸਹਾਇਤਾ ਦੇ ਲਈ ਇਲੈਕਸ਼ਨਸ ਬੀ.ਸੀ. ਨੂੰ 1-800-661-8683 'ਤੇ ਕਾਲ ਕਰੋ।

ਹੋਰ ਜਾਣਕਾਰੀ ਲਈ ਇਥੇ ਜਾਓ: **elections.bc.ca/safevoting.**

## ਜੇ ਮੈਂ ਖੁਦ ਆ ਕੇ ਵੋਟ ਪਾਉਣੀ ਹੈ ਤਾਂ ਮੈਂ ਆਪਣੇ ਨਾਲ ਕੀ ਲਿਆਵਾਂ?

- ਆਈ ਡੀ (ਪਛਾਣ ਦਸਤਾਵੇਜ਼) ਜਿਸ ਵਿੱਚ ਤੁਹਾਡਾ ਨਾਂ ਅਤੇ ਘਰ ਦਾ ਪਤਾ ਹੋਵੇ। ਸਵੀਕਾਰ ਯੋਗ ਪਛਾਣ ਦਸਤਾਵੇਜ਼ਾਂ ਦੀ ਸੂਚੀ ਲਈ **elections.bc.ca/id** ਦੇਖੋ।
- ਤੁਹਾਡਾ ਕਿੱਥੇ ਵੋਟ ਕਰਨਾ ਹੈ ਕਾਰਡ। ਇਸਦੇ ਲਈ ਇਲੈਕਸ਼ਨਸ ਬੀ.ਸੀ. ਤੋਂ ਆਈ ਆਪਣੀ ਡਾਕ ਦੇਖੋ। ਇਸਨੂੰ ਆਪਣੇ ਨਾਲ ਲਿਆਉਣ ਨਾਲ ਵੋਟ ਪਾਉਣਾ ਜ਼ਿਆਦਾ ਆਸਾਨ ਅਤੇ ਛੇਤੀ ਹੋ ਜਾਏਗਾ।
- ਮਤ-ਪੱਤਰ 'ਤੇ ਨਿਸ਼ਾਨ ਲਾਉਣ ਲਈ, ਜੇ ਤੁਸੀਂ ਚਾਹੋ, ਤੁਹਾਡਾ ਆਪਣਾ ਪੈਨ ਜਾਂ ਪੈਂਸਿਲ।
- ਵੋਟਿੰਗ ਵਾਲੀ ਥਾਂ 'ਤੇ, ਜੇ ਤੁਸੀਂ ਚਾਹੋ, ਪਹਿਨਣ ਲਈ ਮਾਸਕ। ਅਸੀਂ ਵੋਟਰਾਂ ਨੂੰ, ਵੋਟ ਕਰਦੇ ਸਮੇਂ, ਮਾਸਕ ਲਾਉਣ ਲਈ ਪ੍ਰੋਤਸ਼ਾਹਤ ਕਰਦੇ ਹਾਂ ਤਾਂ ਜੋ ਦੂਜੇ ਲੋਕ ਸੁਰੱਖਿਅਤ ਰਹਿਣ। ਵੋਟ ਪਾਉਣ ਲਈ ਤੁਹਾਨੂੰ ਮਾਸਕ ਉਤਾਰਨ ਲਈ ਨਹੀਂ ਆਖਿਆ ਜਾਏਗਾ।

## ਤੁਹਾਡਾ ਕਿੱਥੇ ਵੋਟ ਕਰਨਾ ਹੈ ਕਾਰਡ ਇਸ ਤਰ੍ਹਾਂ ਦਾ ਹੋਵੇਗਾ।

ਅਗਲਾ ਪਾਸਾ




ਪਿਛਲਾ ਪਾਸਾ

# ਖੁਦ ਆ ਕੇ ਵੋਟ ਪਾਉਣ ਲਈ ਤੁਹਾਡੇ ਵਿਕਲਪ

ਖੁਦ ਆ ਕੇ ਵੋਟ ਪਾਉਣ ਵਾਲੇ ਸਾਰੇ ਮੌਕਿਆਂ ਤੇ ਮਹਾਮਾਰੀ ਨਾਲ ਜੁੜੇ ਨਿਯਮ ਲਾਗੂ ਹੋਣਗੇ। ਹੋਰ ਜਾਣਕਾਰੀ ਲਈ ਸਫ਼ਾ 3 ਦੇਖੋ।

## ਅਡਵਾਂਸ ਵੋਟਿੰਗ ਵਾਲੀ ਥਾਂ 'ਤੇ ਵੋਟ ਕਰਨਾ

**ਅਕਤੂਬਰ 15 ਤੋਂ ਅਕਤੂਬਰ 21** | ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ (ਲੋਕਲ ਟਾਈਮ)

ਅਡਵਾਂਸ ਵੋਟਿੰਗ ਕਰਨ ਲਈ ਤੁਹਾਨੂੰ ਕਿਸੇ ਵਿਸ਼ੇਸ਼ ਕਾਰਨ ਦੀ ਲੋੜ ਨਹੀਂ ਹੈ – ਇਹ ਚੋਣ ਸਾਰੇ ਵੋਟਰਾਂ ਨੂੰ ਉਪਲਬਧ ਹੈ। ਨੋਟ ਕਰੋ, ਕਿ ਹੋ ਸਕਦਾ ਹੈ ਕਿ ਅਡਵਾਂਸ ਵੋਟਿੰਗ ਦੀਆਂ ਸਾਰੀਆਂ ਥਾਂਵਾਂ ਅਡਵਾਂਸ ਵੋਟਿੰਗ ਦੇ ਹਰ ਦਿਨ ਖੁੱਲ੍ਹੀਆਂ ਨਾ ਹੋਣ। ਅਡਵਾਂਸ ਵੋਟਿੰਗ ਦੀਆਂ ਥਾਂਵਾਂ ਅਤੇ ਉਹਨਾਂ ਦੇ ਖੁੱਲ੍ਹੇ ਹੋਣ ਦੇ ਦਿਨਾਂ ਦਾ ਪਤਾ ਲਾਉਣ ਲਈ **wheretovote.elections.bc.ca** 'ਤੇ ਜਾਓ ਜਾਂ ਆਪਣਾ ਕਿੱਥੇ ਵੋਟ ਕਰਨਾ ਹੈ ਕਾਰਡ ਦੇਖੋ।

## ਚੋਣਾਂ ਵਾਲੇ ਦਿਨ ਵੋਟ ਕਰਨਾ

**ਅਕਤੂਬਰ 24** | ਸਵੇਰੇ 8 ਵਜੇ ਤੋਂ 8 ਵਜੇ ਸ਼ਾਮ (ਪੈਸਿਫਿਕ ਟਾਈਮ)

ਚੋਣਾਂ ਵਾਲੇ ਦਿਨ ਨੂੰ ਹਰ ਵੋਟਰ ਲਈ ਵੋਟ ਪਾਉਣ ਦੀ ਇੱਕ ਨਿਰਧਾਰਤ ਥਾਂ ਹੁੰਦੀ ਹੈ। ਆਮ ਤੌਰ ਤੇ ਆਪਣੀ ਨਿਰਧਾਰਤ ਵੋਟਿੰਗ ਦੀ ਥਾਂ ਤੇ ਵੋਟ ਛੇਤੀ ਪਾਇਆ ਜਾ ਸਕਦਾ ਹੈ, ਪਰ ਜੇ ਤੁਹਾਡੇ ਲਈ ਜ਼ਿਆਦਾ ਸੁਵਿਧਾਜਨਕ ਹੋਵੇ ਤਾਂ ਤੁਸੀਂ ਵੋਟਿੰਗ ਵਾਲੀ ਕਿਸੇ ਹੋਰ ਵੋਟਿੰਗ ਦੀ ਥਾਂ 'ਤੇ ਵੀ ਵੋਟ ਪਾ ਸਕਦੇ ਹੋ। ਤੁਹਾਡੇ ਲਈ ਵੋਟਿੰਗ ਦੀ ਨਿਰਧਾਰਤ ਥਾਂ ਦਾ ਪਤਾ ਲਾਉਣ ਲਈ **wheretovote.elections.bc.ca** 'ਤੇ ਜਾਓ ਜਾਂ ਆਪਣਾ ਕਿੱਥੇ ਵੋਟ ਕਰਨਾ ਹੈ  ਕਾਰਡ ਦੇਖੋ।

## ਵੋਟਿੰਗ ਵਾਲੀਆਂ ਥਾਂਵਾਂ

ਵੋਟਿੰਗ ਵਾਲੀਆਂ ਥਾਂਵਾਂ ਦੀ ਹਾਲਾਂ ਪੁਸ਼ਟੀ ਕੀਤੀ ਜਾ ਰਹੀ ਹੈ ਪਰ ਇਹ ਇਥੇ ਉਪਲਬਧ ਹੋਣਗੀਆਂ:

- ਇਲੈਕਸ਼ਨਸ ਬੀ.ਸੀ. ਦੀ ਵੈਬਸਾਈਟ **wheretovote.elections.bc.ca** ‘ਤੇ
- ਕਿੱਥੇ ਵੋਟ ਕਰਨਾ ਹੈ  ਕਾਰਡਾਂ ‘ਤੇ, ਜੋ ਅਡਵਾਂਸ ਵੋਟਿੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਹਰ ਰਜਿਸਟਰਡ ਵੋਟਰ ਨੂੰ ਭੇਜੇ ਜਾਂਦੇ ਹਨ, ਅਤੇ
- **1-800-661-8683** ‘ਤੇ ਕਾਲ ਕਰਕੇ।

## ਡਿਸਟ੍ਰਿਕਟ ਚੋਣ ਦਫਤਰ ਵਿੱਚ ਵੋਟਿੰਗ

ਹੁਣ ਤੋਂ **ਅਕਤੂਬਰ 24** ਨੂੰ ਸ਼ਾਮ 4 ਵਜੇ (ਪੈਸਿਫਿਕ ਟਾਈਮ) ਤਕ।

ਤੁਸੀਂ ਖੁਦ ਵੋਟ ਕਰ ਸਕਦੇ ਹੋ ਜਾਂ ਸੂਬੇ ਦੇ ਕਿਸੇ ਵੀ ਡਿਸਟ੍ਰਿਕਟ ਚੋਣ ਦਫਤਰ ਤੋਂ ਡਾਕ-ਰਾਹੀਂ-ਵੋਟ ਪੈਕਿਜ ਲੈ ਸਕਦੇ ਹੋ। ਇਹ ਦਫਤਰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤਕ ਅਤੇ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤਕ ਖੁੱਲ੍ਹੇ ਹੁੰਦੇ ਹਨ। ਅਡਵਾਂਸ ਵੋਟਿੰਗ ਦੇ ਦੌਰਾਨ ਇਹ ਦਫਤਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ ਖੁੱਲ੍ਹੇ ਰਹਿਣਗੇ। ਦਫਤਰਾਂ ਦੇ ਪਤੇ ਦੀ ਸੂਚੀ ਤੁਹਾਨੂੰ **elections.bc.ca/deo** ਵਿਖੇ ਮਿਲ ਸਕਦੀ ਹੈ।

# ਡਾਕ ਰਾਹੀਂ ਵੋਟਿੰਗ



ਡਾਕ ਰਾਹੀਂ ਵੋਟਿੰਗ ਸਿਰਫ ਉਹਨਾਂ ਵੋਟਰਾਂ ਲਈ ਨਹੀਂ ਹੈ ਜੋ ਚੋਣਾਂ ਦੇ ਦੌਰਾਨ ਘਰੋਂ ਬਾਹਰ ਹੁੰਦੇ ਹਨ। ਇਹ ਵਿਕਲਪ ਸਾਰੇ ਯੋਗ ਵੋਟਰਾਂ ਲਈ ਉਪਲਬਧ ਹੈ। ਡਾਕ ਰਾਹੀਂ ਵੋਟਿੰਗ ਉਹਨਾਂ ਸਾਰੇ ਵੋਟਰਾਂ ਲਈ ਇੱਕ ਬਹੁਤ ਚੰਗਾ ਤਰੀਕਾ ਹੈ ਜੋ ਮਹਾਮਾਰੀ ਦੇ ਕਾਰਨ ਨਿਜੀ ਤੌਰ ਤੇ ਜਾ ਕੇ ਵੋਟ ਕਰਨਾ ਸੁਖਾਵਾਂ ਮਹਿਸੂਸ ਨਹੀਂ ਕਰਦੇ।

ਜੇ ਤੁਸੀਂ ਡਾਕ ਰਾਹੀਂ ਵੋਟਿੰਗ ਕਰਨਾ ਚਾਹੁੰਦੇ ਹੋ ਤਾਂ ਛੇਤੀ ਤੋਂ ਛੇਤੀ ਇਲੈਕਸ਼ਨਸ ਬੀ.ਸੀ. ਨਾਲ ਸੰਪਰਕ ਕਰਕੇ ਡਾਕ-ਰਾਹੀ-ਵੋਟ ਪੈਕਿਜ ਲਈ ਬੇਨਤੀ ਕਰੋ। ਤੁਹਾਡਾ ਪੈਕਿਜ ਤੁਹਾਨੂੰ ਭੇਜ ਦਿੱਤਾ ਜਾਵੇਗਾ। ਇਹ ਪੈਕਿਜ ਮੰਗਣ ਲਈ ਤੁਸੀਂ:

- **votebymail.elections.bc.ca** ‘ਤੇ ਜਾ ਸਕਦੇ ਹੋ
- ਇਲੈਕਸ਼ਨਸ ਬੀ.ਸੀ. ਨੂੰ **1-800-661-8683** ‘ਤੇ ਕਾਲ ਕਰ ਸਕਦੇ ਹੋ

ਜੇ ਤੁਸੀਂ ਆਪਣਾ ਡਾਕ-ਰਾਹੀ-ਵੋਟ ਪੈਕਿਜ ਖੁਦ ਜਾ ਕੇ ਲਿਆਉਣਾ ਚਾਹੋ ਤਾਂ ਆਪਣੇ ਸਭ ਤੋਂ ਨਜ਼ਦੀਕੀ ਡਿਸਟ੍ਰਿਕਟ ਚੋਣ ਦਫਤਰ ਨਾਲ ਸੰਪਰਕ ਕਰੋ। ਇਹਨਾਂ ਦੇ ਪਤਿਆਂ ਦੀ ਸੂਚੀ ਲਈ **elections.bc.ca/deo** ‘ਤੇ ਜਾਓ ਜਾਂ ਇਲੈਕਸ਼ਨਸ ਬੀ.ਸੀ. ਨੂੰ ਕਾਲ ਕਰੋ।

ਤੁਹਾਡੇ ਡਾਕ-ਰਾਹੀ-ਵੋਟ ਪੈਕਿਜ ਨੂੰ ਭਰਨ ਲਈ ਹਿਦਾਇਤਾਂ ਪੈਕਿਜ ਦੇ ਅੰਦਰ ਸ਼ਾਮਿਲ ਹੁੰਦੀਆਂ ਹਨ। ਜੇ ਤੁਸੀਂ ਰਜਿਸਟਰਡ ਵੋਟਰ ਨਹੀਂ ਹੋ ਜਾਂ ਜੇ ਤੁਹਾਡੀ ਜਾਣਕਾਰੀ ਪੁਰਾਣੀ ਹੋ ਚੁਕੀ ਹੈ, ਤਾਂ ਰਜਿਸਟਰ ਕਰਾਉਣ ਜਾਂ ਆਪਣੀ ਜਾਣਕਾਰੀ ਅਪਡੇਟ ਕਰਾਉਣ ਦੇ ਤਰੀਕੇ ਬਾਰੇ ਹਿਦਾਇਤਾਂ ਵੀ ਤੁਹਾਨੂੰ ਵੋਟਿੰਗ ਪੈਕਿਜ ਦੇ ਅੰਦਰ ਮਿਲਣਗੀਆਂ।

*ਤੁਹਾਡਾ ਡਾਕ-ਰਾਹੀ-ਵੋਟ ਪੈਕਿਜ ਇਸ ਤਰ੍ਹਾਂ ਦਿੱਸੇਗਾ।*




*ਅਗਲਾ ਪਾਸਾ*

*ਪਿਛਲਾ ਪਾਸਾ*

ਆਪਣਾ ਡਾਕ-ਰਾਹੀ-ਵੋਟ ਪੈਕਿਜ ਤੁਸੀਂ ਕਿਸੇ ਵੀ ਡਿਸਟ੍ਰਿਕਟ ਚੋਣ ਦਫਤਰ, ਵੋਟਿੰਗ ਵਾਲੀ ਥਾਂ ਜਾਂ ਸਰਵਿਸਸ ਬੀ.ਸੀ. ਦੇ ਪਤੇ ਤੇ ਵਾਪਸ ਦੇ ਸਕਦੇ ਹੋ।

ਤੁਸੀਂ ਆਪਣਾ ਡਾਕ-ਰਾਹੀ-ਵੋਟ ਪੈਕਿਜ ਡਾਕ ਰਾਹੀਂ ਵੀ ਵਾਪਸ ਭੇਜ ਸਕਦੇ ਹੋ। ਕੈਨੇਡਾ ਦੇ ਅੰਦਰ ਵੋਟਰਾਂ ਲਈ ਇੱਕ ਡਾਕ ਖਰਚੇ ਦੇ ਭੁਗਤਾਨ ਵਾਲਾ ਲਿਫਾਫਾ ਵੀ ਦਿੱਤਾ ਜਾਂਦਾ ਹੈ। ਜੇ ਤੁਸੀਂ ਕੈਨੇਡਾ ਦੇ ਬਾਹਰ ਤੋਂ ਡਾਕ ਰਾਹੀਂ ਭੇਜ ਰਹੇ ਹੋ ਤਾਂ ਲੋੜੀਂਦਾ ਡਾਕ ਖਰਚਾ ਤੁਹਾਨੂੰ ਖੁਦ ਕਰਨਾ ਪਵੇਗਾ।

ਪੂਰੇ ਕੀਤੇ ਹੋਏ ਡਾਕ-ਰਾਹੀ-ਵੋਟ ਪੈਕਿਜ ਇਲੈਕਸ਼ਨਸ ਬੀ.ਸੀ. ਕੋਲ **ਅਕਤੂਬਰ 24, 2020** ਨੂੰ ਸ਼ਾਮ 8 ਵਜੇ (ਪੈਸਿਫਿਕ ਟਾਈਮ) ਤੋਂ ਪਹਿਲਾਂ **ਪਹੁੰਚ ਜਾਣੇ ਚਾਹੀਦੇ ਹਨ।** ਚੰਗਾ ਹੋਵੇ ਜੇ ਵੋਟਰ ਆਪਣੇ ਪੈਕਿਜ ਛੇਤੀ ਤੋਂ ਛੇਤੀ ਵਾਪਸ ਭੇਜਣ, ਤਾਂ ਜੋ ਸਮੇਂ ਦੀ ਸੀਮਾ ਦੇ ਅੰਦਰ ਉਹਨਾਂ ਦਾ ਮਿਲਣਾ ਯਕੀਨੀ ਬਣਾਇਆ ਜਾ ਸਕੇ।

# ਜੋਖਮ- ਅਤੇ ਅਸਮਰਥਤਾ-ਪੀੜਤ ਵੋਟਰਾਂ ਲਈ ਸੇਵਾਵਾਂ

ਜੋ ਵੋਟਰ ਕਿਸੇ ਜੋਖਮ ਦਾ ਸਾਮ੍ਹਣਾ ਕਰ ਰਹੇ ਹਨ, ਹੋ ਸਕਦਾ ਹੈ ਕਿ ਖੁਦ ਜਾ ਕੇ ਵੋਟ ਕਰਨ ਬਾਰੇ ਉਹਨਾਂ ਨੂੰ ਕੋਈ ਚਿੰਤਾਵਾਂ ਹੋਣ। ਇਲੈਕਸ਼ਨਸ ਬੀ.ਸੀ. ਸਾਰੇ ਵੋਟਰਾਂ ਲਈ ਸੁਰੱਖਿਅਤ ਅਤੇ ਪਹੁੰਚਯੋਗ ਚੋਣਾਂ ਕਰਾਉਣ ਲਈ ਵਚਨਬੱਧ ਹੈ, ਭਾਵੇਂ ਤੁਸੀਂ ਦੂਰ ਬੈਠ ਕੇ ਵੋਟ ਪਾਉ ਜਾਂ ਖੁਦ ਆ ਕੇ। ਵੋਟਰਾਂ ਨੂੰ ਵੋਟਿੰਗ ਤਕ ਪਹੁੰਚਣ ਵਿੱਚ ਮਦਦ ਕਰਨ ਦੀ ਚੋਣ ਅਧਿਕਾਰੀਆਂ ਨੂੰ ਸਿਖਲਾਈ ਦਿੱਤੀ ਗਈ ਹੈ ਅਤੇ ਅਸਮਰਥਤਾ-ਪੀੜਤ ਲੋਕਾਂ ਅਤੇ ਸਿਹਤ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਦੀ ਮਦਦ ਲਈ ਸੇਵਾਵਾਂ ਉਪਲਬਧ ਹਨ।

## ਤੁਹਾਡੇ ਮਤ-ਪੱਤਰ ‘ਤੇ ਨਿਸ਼ਾਨ ਲਾਉਣ ਵਿੱਚ ਮਦਦ

ਜੇ ਕੋਈ ਵੋਟਰ ਕਿਸੇ ਅਸਮਰਥਤਾ ਤੋਂ ਪੀੜਤ ਹੈ, ਜਾਂ ਜੇ ਉਸਨੂੰ ਪੜ੍ਹਨ ਜਾਂ ਲਿਖਣ ਵਿੱਚ ਮੁਸ਼ਕਲ ਹੁੰਦੀ ਹੈ ਤਾਂ ਮਤ-ਪੱਤਰ ‘ਤੇ ਨਿਸ਼ਾਨ ਲਾਉਣ ਲਈ ਉਸਨੂੰ ਮਦਦ ਮਿਲ ਸਕਦੀ ਹੈ। ਜੇ ਤੁਹਾਨੂੰ ਆਪਣੇ ਮਤ-ਪੱਤਰ ‘ਤੇ ਨਿਸ਼ਾਨ ਲਾਉਣ ਲਈ ਮਦਦ ਦੀ ਲੋੜ ਹੈ ਤਾਂ ਇਸ ਦੇ ਬਾਰੇ ਵੋਟਿੰਗ ਵਾਲੀ ਥਾਂ ‘ਤੇ ਮੌਜੂਦ ਚੋਣ ਅਧਿਕਾਰੀ ਨੂੰ ਦੱਸੋ।

## ਨੇਤਰਹੀਣ ਜਾਂ ਕਮਜ਼ੋਰ ਨਜ਼ਰ ਵਾਲੇ ਵੋਟਰਾਂ ਲਈ ਵਸੀਲੇ

ਨੇਤਰਹੀਣ ਜਾਂ ਕਮਜ਼ੋਰ ਨਜ਼ਰ ਵਾਲੇ ਵੋਟਰਾਂ ਦੁਆਰਾ ਆਪਣੇ ਮਤ-ਪੱਤਰ ਤੇ ਨਿਸ਼ਾਨ ਲਾਉਣ ਲਈ ਬ੍ਰੇਲ ਵਿੱਚ ਉਮੀਦਵਾਰਾਂ ਦੀਆਂ ਸੂਚੀਆਂ, ਵੱਡੇ ਅੱਖਰਾਂ ਵਾਲੇ ਵੋਟਿੰਗ ਬਾਰੇ ਪੋਸਟਰ ਅਤੇ ਪਲਾਸਟਿਕ ਦੇ ਬੈਲੱਟ ਟੈਂਪਲੇਟ ਵੋਟਿੰਗ ਵਾਲੀਆਂ ਸਾਰੀਆਂ ਥਾਂਵਾਂ ‘ਤੇ ਉਪਲਬਧ ਹਨ।

## ਵੋਟਿੰਗ ਵਾਲੀ ਥਾਂ ਤੇ ਪਹੁੰਚਣ ਦੀ ਸੁਗਮਤਾ

ਅਡਵਾਂਸ ਵੋਟਿੰਗ ਵਾਲੀਆਂ ਸਾਰੀਆਂ ਥਾਂਵਾਂ ਅਤੇ ਆਮ ਚੋਣਾਂ ਵਾਲੀਆਂ ਜ਼ਿਆਦਾਤਰ ਥਾਂਵਾਂ ਤਕ ਵ੍ਹੀਲਚੇਅਰ ਰਾਹੀਂ ਪਹੁੰਚਿਆ ਜਾ ਸਕਦਾ ਹੈ। ਜੋ ਵੋਟਰ ਵੋਟਿੰਗ ਵਾਲੀ ਥਾਂ ਦੇ ਅੰਦਰ ਦਾਖਲ ਨਹੀਂ ਹੋ ਸਕਣਗੇ, ਉਹ ਬਿਲਡਿੰਗ ਦੇ ਬਾਹਰ (ਸੜਕ ਦੀ ਪਟੜੀ ‘ਤੇ ਜਾਂ ਪਾਰਕਿੰਗ ਵਾਲੀ ਥਾਂ ਵਿੱਚ) ਵੋਟ ਪਾ ਸਕਦੇ ਹਨ।

## ਅਨੁਵਾਦਕ

ਵੋਟਿੰਗ ਵਾਲੀ ਥਾਂ ਤੇ ਮਦਦ ਦੇ ਲਈ ਵੋਟਰ ਆਪਣੇ ਨਾਲ ਇੱਕ ਅਨੁਵਾਦਕ ਨੂੰ ਲਿਆ ਸਕਦੇ ਹਨ। ਅਨੁਵਾਦਕ ਲਈ ਇਹ ਬਿਆਨ ਦੇਣਾ ਜ਼ਰੂਰੀ ਹੈ ਕਿ ਉਹ ਇਕ ਅਨੁਵਾਦਕ ਵਜੋਂ ਕੰਮ ਕਰ ਸਕਦਾ(ਦੀ) ਹੈ ਅਤੇ ਉਹ ਇਸ ਕੰਮ ਨੂੰ ਆਪਣੀ ਯੋਗਤਾ ਮੁਤਾਬਕ ਪੂਰੀ ਇਮਾਨਦਾਰੀ ਨਾਲ ਨਿਭਾਏਗਾ।

# ਕੋਈ ਸਵਾਲ?

ਮਹਾਮਾਰੀ ਦੇ ਦੌਰਾਨ ਸੁਰੱਖਿਅਤ ਤਰੀਕੇ ਨਾਲ ਵੋਟ ਪਾਉਣ ਦੇ ਤਰੀਕੇ ਬਾਰੇ ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ ‘ਤੇ ਜਾਓ ਜਾਂ ਸਾਡੇ ਨਾਲ ਸੰਪਰਕ ਕਰੋ।

**elections.bc.ca | 1-800-661-8683**

ਇਸ ਗਾਈਡ ਦੇ ਅਨੁਵਾਦ ਇਥੇ ਉਪਲਬਧ ਹਨ:
**elections.bc.ca/translations**.

ਇਸ ਗਾਈਡ ਦੇ ਅਨੁਵਾਦ ਇਥੇ ਉਪਲਬਧ ਹਨ:
**@ElectionsBC**

ELECTIONS BC
A non-partisan Office of the Legislature